THE SIKHCOALITION
the voice of a people

ਅਪ੍ਰੈਲ 8, 2020 (ਨਿਊ ਯਾਰਕ, NY) ਅਮਰੀਕਾ ਵਿਚ ਜੋ COVID-19 ਨਾਲ ਪੀੜਿਤ ਲੋਕਾਂ ਅਤੇ ਉਹਨਾਂ ਦੇ ਇਲਾਜ ਦੀ ਲੋੜਾਂ ਬਹੁਤ ਤੇਜ਼ੀ ਨਾਲ ਵੱਧ ਰਹੀਆਂ ਹਨ। ਇਸਨੂੰ ਮੁਖ ਰੱਖਦਿਆਂ ਸਿੱਖ ਕੋਲਿਸ਼ਨ ਨੇ ਇਕ ਗਾਈਡ ਤਿਆਰ ਕੀਤੀ ਹੈ ਉਹਨਾਂ ਸਿੱਖਾਂ ਲਈ ਜਿਹਨਾਂ ਨੂੰ ਡਾਕਟਰੀ ਦੇਖਭਾਲ ਦੀ ਲੋਡ ਪੈ ਸਕਦੀ ਹੈ।

ਇਸ ਗਾਈਡ ਦਾ ਮਕਸਦ ਹੈ ਕਿ ਡਾਕਟਰਾਂ ਅਤੇ ਨਰਸਾਂ ਨੂੰ ਸਿਖਾਂ ਬਾਰੇ ਸਹੀ ਜਾਣਕਾਰੀ ਮੁਹਈਆ ਕਾਰਵਾਈ ਜਾਵੇ ਜਿਹਨਾਂ ਨੇ ਸਿਖਾਂ ਦਾ ਇਲਾਜ ਕਰਨਾ ਹੈ। ਇਹ ਗਾਈਡ ਸਿਰਫ ਜਾਣਕਾਰੀ ਮੁਹਈਆ ਕਰਵਾਉਣ ਦੇ ਮਕਸਦ ਨਾਲ ਵਰਤੀ ਜਾਣੀ ਚਾਹੀਦੀ ਹੈ ਅਤੇ ਇਸਨੂੰ ਕਾਨੂੰਨੀ ਸਲਾਹ ਨਾ ਮੰਨਿਆ ਜਾਵੇ।

ਇਸ ਗਾਈਡ ਵਿਚ ਹੇਠਾਂ ਦੱਸੀ ਜਾਣਕਾਰੀ ਹੈ:

- ਸਿਖਾਂ ਦੇ ਧਾਰਮਿਕ ਆਰਟੀਕਲ ਆਫ਼ ਫੇਥ ਦੀ ਜਾਣਕਾਰੀ;
- ਭਾਸ਼ਾ ਅਨੁਵਾਦ ਦੀਆਂ ਸਹੂਲਤਾਂ;
- ਸਿੱਖ ਧਰਮ ਦੇ ਲੋੱਕਾਂ ਦੇ ਇਲਾਜ ਨੂੰ ਪ੍ਰਭਾਵਤ ਕਰਨ ਵਾਲਿਆਂ ਅਤੇ ਉਹਨਾਂ ਦੀਆਂ ਖੁਰਾਕ ਦੀਆਂ ਜ਼ਰੂਰਤਾਂ ਬਾਰੇ ਕੁਝ ਖ਼ਾਸ ਜਾਣਕਾਰੀ।
- ਸਿੱਖਾਂ ਦੇ ਜੀਵਨ ਦੇ ਅੰਤ ਦੇ ਅਭਿਆਸਾਂ ਅਤੇ ਵਿਸ਼ਵਾਸਾਂ ਬਾਰੇ ਹੋਰ ਜਾਣਕਾਰੀ।

ਸਿੱਖ ਕੋਲਿਸ਼ਨ ਤੁਹਾਨੂੰ ਇਸ ਗਾਈਡ ਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਾਂਝਾ ਕਰਨ ਲਈ ਉਤਸਾਹਿਤ ਕਰਦੀ ਹੈ ਤਾਂ ਜੋ COVID-19 ਨਾਲ ਸੰਬੰਧਿਤ ਐਮਰਜੰਸੀ ਪੈਣ ਤੇ ਉਹਨਾਂ ਉਹਨਾਂ ਕੋਲ ਇਹ ਜਾਣਕਾਰੀ ਹੋਵੇ। ਜੇ ਤੁਹਾਨੂੰ ਇਲਾਜ ਲਈ ਆਪਣੇ ਪ੍ਰਾਇਮਰੀ ਹੈਲਥ ਕੇਅਰ ਪ੍ਰੋਵਾਇਡਰ (ਡਾਕਟਰ) ਕੋਲ ਜਾਣ ਦੀ ਲੋਡ ਪੈਂਦੀ ਹੈ ਤਾਂ ਓਥੇ ਪਹੁੰਚਣ ਉਪਰੰਤ ਤੁਹਾਨੂੰ ਇਸ ਸਰੋਤ ਨੂੰ ਉਹਨਾਂ ਨੂੰ ਦੇਣਾ ਚਾਹੀਦਾ ਹੈ।

COVID-19 ਬਾਰੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਹੋਰ ਜਾਣਕਾਰੀ ਲੈਣ ਲਈ ਤੁਸੀਂ ਸਾਡੀ COVID-19 ਦੀ ਵੈੱਬਸਾਈਟ ਤੇ ਜਾ ਸਕਦੇ ਹੋ। ਇਹਨਾਂ ਸਰੋਤਾ ਵਿਚ ਫ਼ਿਲਹਾਲ ਸ਼ਾਮਿਲ ਹਨ, COVID-19 ਹੈਲਥ ਗਾਈਡ, ਫੈਡਰਲ ਐਮਰਜੈਂਸੀ ਰਿਲੀਫ ਕ਼ਾਨੂਨ ਦਾ ਸਰਵੇਖਣ, ਸਟੇਟ ਬੇਨੇਫਿਟ ਲਈ ਅਰਜ਼ੀ ਕਿਵੇਂ ਲਾਉਣੀ ਹੈ, ਸਿੱਖ ਮੈਡੀਕਲ ਪੇਸ਼ੇਵਰਾਂ ਲਈ ਜ਼ਰੂਰੀ ਜਾਣਕਾਰੀ ਅਤੇ ਹੋਰ ਕਾਫ਼ੀ ਕੁੱਝ। ਸਿੱਖ ਕੋਲਿਸ਼ਨ ਹੋਰ ਨਵੇਂ ਸਰੋਤਾਂ ਨੂੰ ਤਿਆਰ ਕਰਦੀ ਰਹੇਗੀ ਅਤੇ ਜਿਵੇਂ ਨਵੀਂ ਜਾਣਕਾਰੀ ਆਉਂਦੀ ਹੈ ਅਸੀਂ ਪਹਿਲਾਂ ਵਾਲੇ ਸਰੋਤਾਂ ਨੂੰ ਅੱਪਡੇਟ ਕਰਦੇ ਰਹਾਂਗੇ। ਅਸੀਂ ਸਿੱਖ ਕਮਿਊਨਿਟੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੀ ਜਥੇਬੰਦੀ ਦੀਆਂ ਕੁੱਝ ਤਰਜੀਹਾਂ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਹਾਂ ਅਤੇ ਆਉਣ ਵਾਲੇ ਅਗਲੇ ਕੁੱਝ ਦਿਨਾਂ ਵਿਚ ਤੁਸੀਂ ਸਾਡੇ ਤੋਂ ਹੋਰ ਸਰੋਤਾਂ ਅਤੇ ਜਾਣਕਾਰੀ ਦੀ ਉਮੀਦ ਕਰ ਸਕਦੇ ਹੋ।

ਹਮੇਸ਼ਾ ਦੀ ਤਰਾਹ ਅਸੀਂ ਤੁਹਾਨੂੰ ਤਾਕੀਦ ਕਰਦੇ ਹਾਂ ਕਿ ਤੁਸੀਂ ਆਪਣੇ ਧਰਮ ਦਾ ਅਭਿਆਸ ਨਿਡਰ ਹੋਕੇ ਕਰੋ।